ਮਿੱਠੇ ਬੱਚੇ:- "ਮਿੱਠੇ ਬੱਚੇ :-ਮਨੁੱਖ ਤੋਂ ਦੇਵਤਾ ਬਣਨ ਦੀ ਇਹ ਪੜਾਈ ਹੈ, ਇਸ ਪੜਾਈ ਵਿਚ ਜਰਾ ਵੀ ਗਫ਼ਲਤ ਨਹੀਂ ਕਰਨੀ ਹੈ। ਸੁਤੇ, ਖਾਦਾ ਤੇ ਪੜਾਈ ਨਹੀਂ ਕੀਤੀ ਤੇ ਬਹੁਤ ਪਛਤਾਉਣਾ ਪਵੇਗਾ।"

ਪ੍ਰਸ਼ਨ:- ਪ੍ਰਸ਼ਨ:- ਕਿਹੜੀ ਗੱਲ ਵਿਚ ਬ੍ਰਹਮਾ ਬਾਪ ਨੂੰ ਫਾਲੋ ਕਰੋ ਤਾਂ ਉਨਤੀ ਹੁੰਦੀ ਰਹੇਗੀ?

ਉੱਤਰ:- ਜਿਵੇ ਬ੍ਰਹਮਾ ਬਾਪ ਨੇ ਆਪਣੀ ਪੂਰੀ ਆਹੁਤੀ ਦੇ ਦਿੱਤੀ ਮਤਲਬ ਸਭ ਕੁਝ ਸਮਰਪਣ ਕੀਤਾ, ਇਵੇਂ ਫਾਲੋ ਫਾਦਰ ਕਰੋ। ਤਰੱਕੀ ਦਾ ਸਾਧਨ ਹੈ- ਬਾਪ ਦੇ ਰਚੇ ਹੋਏ ਇਸ ਰੁਦ੍ਰ ਯਗ ਵਿਚ ਆਪਣੀ ਆਹੁਤੀ ਦੇਣਾ ਮਤਲਬ ਬਾਪ ਦਾ ਮਦਦਗਾਰ ਬਣਨਾ। ਪਰ ਇਹ ਖਿਆਲ ਵੀ ਕਦੇ ਨਹੀਂ ਆਉਣਾ ਚਾਹੀਦਾ ਕਿ ਮੈਂ ਇਨੀ ਮਦਦ ਕੀਤੀ, ਇਤਨਾ ਦਿੱਤਾ। ਬਾਪ ਤਾਂ ਦਾਤਾਂ ਹੈ, ਤੁਸੀਂ ਲੈਂਦੇ ਹੋ ਦਿੰਦੇ ਨਹੀਂ ਹੋ।

ਗੀਤ:- ਤੂਨੇ ਰਾਤ ਗਵਾਈ ਸੋ ਕੇ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਇਸ ਤੇ ਵੀ ਬੱਚਿਆਂ ਨੂੰ ਸਮਝਾਉਣਾ ਹੈ। ਬਾਪ ਕਹਿੰਦੇ ਮੈਂ ਬੱਚਿਆਂ ਨਾਲ ਗੱਲ ਕਰਦਾ ਹਾਂ, ਹੋਰ ਕੋਈ ਵੀ ਇਸ ਤਰ੍ਹਾਂ ਨਹੀਂ ਕਹਿ ਸਕਣਗੇ। ਸਾਧੂ, ਸੰਤ ਤੇ ਮਾਹਤਮਾ ਤੇ ਢੇਰ ਹਨ। ਕੋਈ ਕਹਿੰਦੇ ਹਨ ਕਿ ਇਨ੍ਹਾਂ ਵਿਚ ਤਾਕਤ ਹੈ। ਇਹ ਤਾਂ ਸਭ ਦਾ ਬਾਪ ਹੈ, ਉਹ ਬੈਠ ਸਮਝਾਉਂਦੇ ਹਨ। ਬਹੁਤ ਬੱਚੇ ਹਨ ਜੋ ਸਾਰਾ ਦਿਨ ਸਿਰਫ ਖਾਂਦੇ, ਪੀਂਦੇ ਤੇ ਸੌਂਦੇ ਹਨ। ਨੀਂਦ ਬਹੁਤ ਕਰਦੇ ਹਨ। ਇਸ ਨਾਲ ਕੀ ਹੋਵੇਗਾ? ਹੀਰੇ ਵਰਗਾ ਜਨਮ ਗਵਾ ਦਿੰਦੇ ਹਨ। ਮਾਇਆ ਗਫ਼ਲਤ ਬਹੁਤ ਕਰਵਾਉਂਦੀ ਹੈ। ਕੁੰਭਕਰਨ ਦੀ ਨੀਂਦ ਵਿਚ ਮਾਇਆ ਨੇ ਸੁਲਾ ਦਿੱਤਾ ਹੈ। ਹੁਣ ਜਗਾਉਣ ਵਾਲਾ ਆਇਆ ਹੈ। ਅਗਿਆਨ ਨਿਦ੍ਰਾ ਤੋਂ ਜਾਗੋ। ਸਾਰੀ ਸ੍ਰਿਸ਼ਟੀ, ਉਸ ਵਿਚ ਵੀ ਖਾਸ ਭਾਰਤ ਵਿਚ ਅਗਿਆਨ ਹੀ ਅਗਿਆਨ ਹੈ। ਤਾਂ ਬਾਪ ਕਹਿੰਦੇ ਹੁਣ ਗਫ਼ਲਤ ਨਾ ਕਰੋ। ਫਿਰ ਬਹੁਤ ਪਛਤਾਨਾ ਪਵੇਗਾ। ਫਿਰ ਪਛਤਾਉਣ ਨਾਲ ਕੰਮ ਨਹੀਂ ਹੋਵੇਗਾ। ਇਥੇ ਮਨੁੱਖ ਤੋਂ ਦੇਵਤਾ ਬਣਨ ਦੀ ਪੜਾਈ ਹੈ। ਇਵੇਂ ਹੋਰ ਕੋਈ ਕਹਿ ਨਹੀਂ ਸਕਦਾ। ਇਵੇਂ ਨਹੀਂ ਇਥੇ ਵੀ ਉਹੀ ਗਿਆਨ ਹੈ। ਇਹ ਤਾਂ ਪੜਾਈ ਹੀ ਨਵੀਂ ਹੈ। ਆਦਿ ਸਨਾਤਨ ਦੇਵੀ ਦੇਵਤਾ ਧਰਮ ਦੀ ਸਥਾਪਨਾ ਹੁੰਦੀ ਹੈ। ਇਵੇਂ ਤਾਂ ਇਥੇ ਵੀ ਬਹੁਤਿਆਂ ਨੂੰ ਦੇਵੀ ਕਹਿੰਦੇ ਹਨ। ਔਰਤ ਦੇਵੀ ਤੇ ਪੁਰਖ ਹੋ ਗਿਆ ਦੇਵਤਾ। ਪਰ ਅਸੀਂ ਤਾਂ ਸਤਿਯੁਗ ਵਿਚ ਦੇਵੀ ਦੇਵਤਾ ਪਦ ਪਾਉਣ ਦਾ ਪੁਰਸ਼ਾਰਥ ਕਰ ਰਹੇ ਹਾਂ। ਉਹ ਤਾਂ ਜਰੂਰ ਸਤਿਯੁਗ ਦੀ ਸਥਾਪਨਾ ਕਰਨ ਵਾਲਾ ਹੀ ਪ੍ਰਾਪਤ ਕਰਵਾਏਗਾ। ਸਾਰੇ ਸ਼ਾਸਤਰਾਂ ਤੋਂ ਇਹ ਗੱਲ ਨਿਆਰੀ ਹੈ। ਜੋ ਈਸ਼ਵਰ ਨੂੰ ਸਰਵਵਿਆਪੀ ਕਹਿੰਦੇ ਹਨ ਅਤੇ ਕਈ ਅਵਤਾਰ ਦਸਦੇ ਹਨ, ਉਨ੍ਹਾਂ ਨੂੰ ਪੁੱਛੋ ਜੇਕਰ ਈਸ਼ਵਰ ਸਰਵ ਵਿਆਪੀ ਹੈ ਤਾਂ ਅਵਤਾਰ ਕਹਿਣ ਵਾਲੇ ਵੀ ਜਰੂਰ ਈਸ਼ਵਰ ਦਾ ਅਵਤਾਰ ਹੋਣਗੇ। ਅੱਛਾ, ਫਿਰ ਰਚਨਾ ਦੇ ਆਦਿ, ਮੱਧ ਅਤੇ ਅੰਤ ਦਾ ਰਾਜ਼ ਵੀ ਦੱਸੋ। ਤਾਂ ਕੁਝ ਵੀ ਦਸ ਨਹੀਂ ਸਕਣਗੇ। ਤਰ੍ਹਾਂ-ਤਰ੍ਹਾਂ ਦੇ ਹੁੰਦੇ ਹਨ। ਰਿਧੀ - ਸਿੱਧੀ ਵਾਲੇ ਵੀ ਹਨ। ਨਵੀਂ ਆਤਮਾ ਆਉਂਦੀ ਹੈ ਤਾਂ ਉਹ ਵੀ ਤਾਕਤ ਵਿਖਾਉਂਦੀ ਹੈ। ਇਹ ਧਰਮ ਸਥਾਪਨ ਕਰਨ ਲਈ ਨਵੀਂ ਆਤਮਾ ਪ੍ਰਵੇਸ਼ ਕਰਦੀ ਹੈ ਤਾਂ ਉਨ੍ਹਾਂ ਦਾ ਨਾਮ ਬਾਲਾ ਹੋ ਜਾਂਦਾ ਹੈ। ਇਥੇ ਸ਼ਕਤੀ ਦੀ ਗੱਲ ਨਹੀਂ ਹੈ। ਤੁਸੀਂ ਕਹੋਗੇ ਸ਼ਿਵਬਾਬਾ ਅਸੀਂ ਤੁਹਾਡੇ ਕੋਲੋਂ ਸਵਰਗ ਦਾ ਵਰਸਾ ਲੈਣ ਲਈ ਆਏ ਹਾਂ। ਇਸ ਨੂੰ ਇਸ਼ਵਰੀਏ ਜਨਮ ਸਿੱਧ ਅਧਿਕਾਰ ਕਿਹਾ ਜਾਂਦਾ ਹੈ। ਤੁਸੀਂ ਇਸ਼ਵਰੀਏ ਔਲਾਦ ਹੋ। ਕੋਈ ਵੀ ਸਾਧੂ, ਸੰਤ ਅਤੇ ਮਹਾਤਮਾ ਇਸ ਤਰ੍ਹਾਂ ਨਹੀਂ ਕਹੇਗਾ ਕਿ ਅਸੀਂ ਬਾਪਦਾਦਾ ਦੇ ਬੱਚੇ ਹਾਂ।

ਤੁਸੀਂ ਤਾਂ ਜਾਣਦੇ ਹੋ ਅਸੀਂ ਸਵਰਗ ਦਾ ਵਰਸਾ ਲੈ ਰਹੇ ਹਾਂ। ਬਾਬਾ ਕਹਿੰਦੇ ਹਨ ਪੂਰਾ ਵਰਸਾ ਲੈਣਾ ਹੈ ਤਾਂ ਬਾਪ ਦੀ ਯਾਦ ਵਿਚ ਰਹੋ। ਬਾਪ ਇਥੇ ਹੀ ਪੜਾਉਂਦੇ ਹਨ। ਰਾਜਾਈ ਸਥਾਪਨ ਹੋ ਜਾਵੇਗੀ ਤਾਂ ਇਹ ਪੜਾਈ ਤੇ ਪੜਾਉਣ ਵਾਲਾ ਖਤਮ ਹੋ ਜਾਵੇਗਾ। ਇਹ ਬ੍ਰਾਹਮਣ ਕੁਲ ਹਾਲੇ ਹੈ। ਕਹਿੰਦੇ ਹਨ ਅਸੀਂ ਬ੍ਰਹਮਾ ਦੀ ਔਲਾਦ ਹਾਂ। ਤਾਂ ਬ੍ਰਹਮਾ ਕਦੋਂ ਆਇਆ ? ਬ੍ਰਹਮਾ ਸੰਗਮ ਤੇ ਆਵੇਗਾ ਨਾ। ਪ੍ਰਜਾਪਿਤਾ ਬ੍ਰਹਮਾ ਜਿਹੜੇ ਬ੍ਰਾਹਮਣਾ ਨੂੰ ਰਚਦੇ ਹਨ ਉਹ ਤਾਂ ਦੇਵੀ ਦੇਵਤਾ ਬਣ ਜਾਂਦੇ ਹਨ। ਫਿਰ ਬ੍ਰਾਹਮਣ ਤਾਂ ਰਹਿੰਦੇ ਨਹੀਂ ਹਨ। ਅਸੀਂ ਫਿਰ ਦੇਵਤਾ ਕੁੱਲ ਵਿਚ ਚਲੇ ਜਾਵਾਂਗੇ। ਫਿਰ ਕਰਮਕਾਂਡ ਦੇ ਲਈ ਪੁਜਾਰੀ ਬ੍ਰਾਹਮਣ ਹਨ ਉਹ ਕੋਈ ਰਿਸ਼ੀ -ਮੁਨੀ ਆਦਿ ਨੇ ਸ਼ੁਰੂ ਕੀਤੇ ਹੋਣਗੇ। ਦਵਾਪਰ ਵਿਚ ਸ਼ਿਵ ਦੇ ਮੰਦਿਰ ਬਣਾ ਕੇ ਪੂਜਾ ਕਰਦੇ ਹਨ ਤਾਂ ਜੋ ਪੂਜਯ ਦੇਵੀ ਦੇਵਤਾ ਸਨ, ਉਹ ਹੀ ਪੁਜਾਰੀ ਬਣ ਜਾਂਦੇ ਹਨ। ਉਸ ਟਾਈਮ ਤੇ ਮੰਦਿਰਾਂ ਵਿਚ ਬ੍ਰਾਹਮਣ ਚਾਹੀਦੇ ਹੁੰਦੇ ਹਨ। ਤਾਂ ਉਸੀ ਸਮੇਂ ਬ੍ਰਾਹਮਣ ਵੀ ਸ਼ੁਰੂ ਹੁੰਦੇ ਹੋਣਗੇ ਜੋ ਪੂਜਯ ਤੋਂ ਪੁਜਾਰੀ ਬਣੇ, ਉਨ੍ਹਾਂ ਨੂੰ ਬ੍ਰਾਹਮਣ ਨਹੀਂ ਕਹਾਂਗੇ। ਮੰਦਿਰਾਂ ਵਿਚ ਮੂਰਤੀ ਦੇ ਅੱਗੇ ਬ੍ਰਾਹਮਣ ਜਰੂਰ ਹੋਵੇਗਾ। ਤਾਂ ਉਸ ਵੇਲੇ ਬ੍ਰਾਹਮਣ ਵੀ ਨਿਕਲੇ ਹੋਣਗੇ। ਇਹ ਹੋਇਆ ਵਿਸਤਾਰ ਨਾਲ ਸਮਾਚਾਰ। ਅਸਲ ਵਿਚ ਇਸ ਦਾ ਗਿਆਨ ਨਾਲ ਸੰਬੰਧ ਨਹੀਂ ਹੈ। ਗਿਆਨ ਸਿਰਫ ਕਹਿੰਦਾ ਹੈ ਮਨਮਨਾਭਵ। ਤੁਹਾਨੂੰ ਬੱਚਿਆਂ ਨੂੰ ਕਿਹਾ ਜਾਂਦਾ ਹੈ ਸ਼ਿਵਬਾਬਾ ਤੇ ਵਰਸੇ ਨੂੰ ਯਾਦ ਕਰੋ। ਤਾਂ ਕੀ ਸਿਰਫ ਯਾਦ ਕਰਨ ਨਾਲ ਲਕਸ਼ਮੀ-ਨਰਾਇਣ ਬਣ ਜਾਓਗੇ? ਨਹੀਂ, ਫਿਰ ਪੜਾਈ ਵੀ ਤਾਂ ਹੈ। ਜਿਨ੍ਹਾਂ ਜ਼ਿਆਦਾ ਸਰਵਿਸ ਕਰੋਗੇ, ਓਨਾ ਉੱਚ ਪਦਵੀ ਪਾਓਗੇ, ਓਨਾ ਗੋਲਡਨ ਸਪੂਨ ਇਨ ਮਾਉਥ ਹੋਵੇਗਾ। ਨਵੀ ਦੁਨੀਆ ਹੋਣ ਵਿਚ ਅਦਲੀ -ਬਦਲੀ ਹੋਣ ਵਿਚ ਸਮੇਂ ਤਾਂ ਲਗਨਾ ਹੀ ਹੈ ਨਾ। ਵਿਨਾਸ਼ ਤੋਂ ਬਾਅਦ ਸਥਾਪਨਾ ਹੋਵੇਗੀ। ਕਲਯੁਗ ਦੇ ਬਾਅਦ ਸਤਿਯੁਗ ਹੋਵੇਗਾ। ਚਾਹੇ ਭੂਚਾਲ ਆਦਿ ਆਉਂਦੇ ਰਹਿੰਦੇ ਹਨ। ਪਰ ਅਨੇਕ ਧਰਮਾਂ ਦਾ ਵਿਨਾਸ਼ ਹੋਣਾ ਹੈ। ਡਰਾਮਾ ਪੂਰਾ ਹੁੰਦਾ ਹੈ। ਹੁਣ ਅਸੀਂ ਬਾਬਾ ਦੇ ਕੋਲ ਆ ਕੇ ਨਵੀ ਦੁਨੀਆ ਵਿਚ ਜਾਵਾਂਗੇ। ਇਸ

ਵੇਲੇ ਸਾਰੇ ਅਸੀਂ ਇਸ ਯਗ ਦੇ ਬ੍ਰਾਹਮਣ ਹਾਂ। ਸ਼ਿਵਬਾਬਾ ਨੇ 5 ਹਜਾਰ ਸਾਲ ਪਹਿਲਾ ਦੀ ਤਰ੍ਹਾਂ ਯਗ ਰਚਿਆ ਹੈ। ਇਹ ਬੜਾ ਵੱਡੇ ਤੋਂ ਵੱਡਾ ਯਗ ਹੈ। ਇਸ ਯਗ ਦੀ ਸੰਭਾਲ ਕਰਦੇ ਹੋ ਤੁਸੀਂ ਸੱਚੇ ਬ੍ਰਾਹਮਣ। ਉਹ ਬ੍ਰਾਹਮਣ ਤਾਂ ਮਟੀਰੀਅਲ ਯਗ ਰਚਦੇ ਹਨ। ਕੋਈ ਮੁਸੀਬਤ ਆਉਂਦੀ ਹੈ ਤਾਂ ਯਗ ਰਚਦੇ ਹਨ। ਸਤਿਯੁਗ ਵਿਚ ਗੁਰੂ ਆਦਿ ਦੀ ਲੋੜ ਨਹੀਂ ਸੀ। ਗੁਰੂ ਓਥੇ ਹੋਵੇਗਾ ਜਿਥੇ ਸਦਗਤੀ ਦੀ ਜਰੂਰਤ ਹੋਵੇਗੀ। ਹੁਣ ਇਥੇ ਤਾਂ ਅਨੇਕ ਗੁਰੂ ਹਨ। ਇਤਨੇ ਵੇਦ ਸ਼ਾਸਤਰ ਹੁੰਦੇ ਵੀ ਭਾਰਤ ਦੀ ਇਹੋ ਜਿਹੀ ਹਾਲਤ ਕਿਓਂ ਹੋਈ?

ਤੁਸੀਂ ਲਿਖ ਸਕਦੇ ਹੋ 5 ਹਜਾਰ ਸਾਲ ਪਹਿਲਾਂ ਦੀ ਤਰ੍ਹਾਂ ਮਨੁੱਖ ਕੁੰਭਕਰਨ ਦੀ ਨੀਂਦ ਵਿਚ ਸੁਤੇ ਪਏ ਹਨ। ਸੌਂਦੇ ਤਾਂ ਸਾਰੇ ਹਨ, ਪਰ ਇਹ ਅਗਿਆਨ ਨੀਂਦ ਦੀ ਗੱਲ ਹੈ। ਕਿ ਵੀ ਗੁਰੂ ਨਹੀਂ ਜੋ ਸਦਗਤੀ ਦੇ ਸਕੇ। ਹੁਣ ਸਵੇਰ ਕਰਨ ਵਾਲਾ ਕੌਣ? ਤੁਸੀਂ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ ਪਰਮਪਿਤਾ ਪਰਮਾਤਮਾ ਤੋਂ ਬਿਨਾ ਸਵੇਰਾ ਹੋ ਨਹੀਂ ਸਕਦਾ। ਹੁਣ ਤਾਂ ਅਨੇਕਾਂ ਗੁਰੂ ਹਨ, ਫਿਰ ਵੀ ਹਨੇਰੀ ਰਾਤ ਦੁੱਖ ਕਿਓਂ? ਸਤਿਯੁਗ ਵਿਚ ਤਾਂ ਅਥਾਹ ਸੁਖ ਸਨ। ਹੁਣ ਜਦੋ ਭਗਵਾਨ ਦੀ ਸ਼੍ਰੀਮਤ ਮਿਲੇ ਤਾਂ ਸੁਖ ਹੋਵੇ। ਰਾਵਣ ਨੇ ਭਾਰਤ ਨੂੰ ਪਤਿਤ ਦੁਖੀ ਕੀਤਾ ਹੈ। ਬਾਪ ਕਹਿੰਦੇ ਹਨ ਇਹ ਕਾਮ ਮਹਾਸ਼ਤਰੂ ਨੂੰ ਜਿੱਤੋ। ਪਵਿੱਤਰਤਾ ਦਾ ਪ੍ਰਣ ਕਰੋ ਤੇ ਨਵੀ ਦੁਨੀਆ ਦੇ ਮਲਿਕ ਬਣੋਗੇ। ਗੁਰੂ ਲੋਕ ਕਦੇ ਨਹੀਂ ਕਹਿਣਗੇ ਪਵਿੱਤਰ ਬਣੋ। ਹੁਣ ਤੁਸੀਂ ਘੋਰ ਚਾਨਣ ਵਿਚ ਆਏ ਹੋ ਤਾਂ ਜਾ ਕੇ ਪੁੱਛੋ - ਭਾਰਤ ਜਿਹੜਾ ਇਤਨਾ ਸੁਖੀ ਸੀ, ਹੁਣ ਇਤਨਾ ਦੁਖੀ ਕਿਓਂ? ਤੁਸੀਂ ਬੱਚੇ ਜਾਣਦੇ ਹੋ ਅਸੀਂ ਦੇਵਤਾ ਬਣਦੇ ਹਾਂ। ਸੰਨਿਆਸੀ ਤਾਂ ਝਤ ਘਰਬਾਰ ਛੱਡ ਨਿਕਲ ਪੈਂਦੇ ਹਨ। ਉਨ੍ਹਾਂ ਦੇ ਲਈ ਕਹਿੰਦੇ ਹਨ ਸੰਨਿਆਸੀ ਪਾਵਨ ਹਨ। ਉਹ ਇਵੇਂ ਨਹੀਂ ਕਹਿਣਗੇ ਅਸੀਂ ਪਾਵਨ ਬਣਨ ਲਈ ਪੁਰਸ਼ਾਰਥ ਕਰਦੇ ਹਾਂ। ਤੁਹਾਡੀ ਗੱਲ ਹੀ ਨਿਆਰੀ ਹੈ। ਇਸ ਤਰ੍ਹਾਂ ਨਹੀਂ ਸਮਝੋ ਕਿ ਸਾਰੇ ਸੰਨਿਆਸੀ ਪਵਿੱਤਰ ਰਹਿੰਦੇ ਹਨ। ਬੁੱਧੀਯੋਗ ਮਿੱਤਰ - ਸੰਬੰਧੀਆਂ ਵਿਚ ਜਾਂਦਾ ਰਹਿੰਦਾ ਹੈ। ਜਦੋ ਤੱਕ ਅਸਵਥਾ ਪੱਕੀ ਨਹੀਂ ਹੋ ਜਾਂਦੀ। ਤੁਹਾਨੂੰ ਕਿਹਾ ਜਾਂਦਾ ਹੈ ਦੇਹ ਸਹਿਤ ਦੇਹ ਦੇ ਸਾਰੇ ਸੰਬੰਧਾਂ ਨੂੰ ਭੁੱਲੋ। ਕਿੰਨੀ ਮੇਹਨਤ ਲਗਦੀ ਹੈ। ਓਨਾ ਨੂੰ ਜਦੋ ਪੁੱਛਿਆ ਜਾਂਦਾ ਹੈ ਸੰਨਿਆਸ ਕਦੋਂ ਕੀਤਾ? ਲੌਕਿਕ ਨਾਮ ਕੀ ਹੈ? ਤਾਂ ਕਹਿਣਗੇ ਇਹ ਗੱਲਾਂ ਨਾ ਪੁੱਛੋ। ਸਮ੍ਰਿਤੀ ਕਿਓਂ ਦਵਾਉਂਦੇ ਹੋ। ਕੋਈ-ਕੋਈ ਤਾਂ ਦਸਦੇ ਵੀ ਹਨ ਫਿਰ ਉਨ੍ਹਾਂ ਨੂੰ ਪੁੱਛਦੇ ਹਨ ਕਿ ਤੁਸੀਂ ਤੱਤਕਾਲ ਹੀ ਸਭ ਨੂੰ ਭੁੱਲ ਗਏ ਜਾ ਯਾਦ ਆਉਂਦੀ ਹੈ? ਪਤਾ ਤਾਂ ਚੱਲੇ ਨਾ ਤੁਸੀਂ ਕੌਣ ਸੀ, ਕਿਵੇਂ ਘਰ ਛੱਡਿਆ, ਇਕੱਲੇ ਸੀ ਜਾ ਬਾਲ ਬੱਚੇ ਵੀ ਸਨ? ਫਿਰ ਉਹ ਤੁਹਾਨੂੰ ਯਾਦ ਆਉਂਦੇ ਹਨ? ਕਹਿੰਦੇ ਹਨ ਬਹੁਤ ਸਮਾਂ ਯਾਦ ਆਉਂਦੇ ਸਨ, ਮੁਸ਼ਕਿਲ ਨਾਲ ਯਾਦ ਭੁਲਦੀ ਹੈ। ਆਪਣਾ ਜੀਵਨ ਯਾਦ ਰਹਿੰਦਾ ਹੈ। ਚਾਹੇ ਅਸੀਂ ਸ਼ਿਵਬਾਬਾ ਨੂੰ ਯਾਦ ਕਰਦੇ ਹਾਂ ਪਰ ਇਵੇਂ ਥੋੜੀ ਹੀ ਜੋ ਸ਼ਾਸਤਰ ਆਦਿ ਪੜੇ ਹਨ ਉਹ ਭੁੱਲ ਜਾਂਦੇ ਹਨ। ਸਿਰਫ ਕਹਿੰਦੇ ਹਨ ਜਿਉਂਦੇ ਜੀ ਭੁੱਲ ਜਾਓ, ਇਹ ਧਾਰਨ ਕਰੋ। ਯਾਦ ਕਰਾਂਗੇ ਤਾਂ ਲਟਕ ਜਾਵਾਂਗੇ। ਪਹਿਲਾਂ ਇਹ ਗੱਲਾਂ ਸੁਣੋ ਫਿਰ ਫੈਸਲਾ ਕਰੋ। ਜਿਉਂਦੇ ਜੀ ਮਰਜੀਵਾ ਬਣੋ ਹੋਰ ਕਿਸੇ ਦੀ ਨਹੀਂ ਸੁਣੋ। ਅਸੀਂ ਆਪਣਾ ਸਾਰਾ ਜੀਵਨ ਦੱਸ ਸਕਦੇ ਹਾਂ। ਹਾਂ, ਇਹ ਜਾਣਦੇ ਹਾਂ ਕਿ ਇਹ ਦੁਨੀਆ ਖਤਮ ਹੋਣ ਵਾਲੀ ਹੈ। ਸੈਂਟਰਜ਼ ਵਧਦੇ ਰਹਿਣਗੇ। ਜੋ ਬਾਬਾ -ਮੰਮਾ ਕਹਿੰਦੇ ਹਨ ਉਹ ਬ੍ਰਾਹਮਣ ਬਣ ਜਾਂਦੇ ਹਨ। ਹੁਣ ਬਾਪ ਕਹਿੰਦੇ ਹਨ ਹੇ ਆਤਮਾਓ, ਆਤਮਾ ਹੀ ਬੋਲਦੀ ਹੈ। ਤੁਹਾਨੂੰ ਪੁੱਛਣਗੇ ਤੁਸੀਂ ਕੌਣ ਹੋ? ਤਾਂ ਝੱਟ ਕਹਿਣਗੇ ਮੈਂ ਆਤਮਾ ਪੜਦੀ ਹਾਂ। ਇਹ ਗਿਆਨ ਹੁਣ ਤੁਹਾਨੂੰ ਮਿਲਿਆ ਹੈ। ਤੁਹਾਡੀ ਆਤਮਾ ਇਨ੍ਹਾਂ ਅੰਗਾਂ ਦਵਾਰਾ ਪੜਦੀ ਹੈ। ਆਤਮਾ ਤੇ ਸ਼ਰੀਰ ਦੋ ਹਨ। ਹੁਣ ਤੁਸੀਂ ਜਾਣਦੇਹੋ ਆਤਮਾ ਹੀ ਸ਼ਰੀਰ ਲੈਂਦੀ ਹੈ ਅਤੇ ਛੱਡਦੀ ਹੈ। ਸੰਸਕਾਰ ਧਾਰਨ ਕਰਦੀ ਹੈ। ਅਸੀਂ ਆਤਮਾਵਾਂ ਸਤਿਯੁਗ ਦੀਆਂ ਪੁੰਨ ਆਤਮਾਵਾਂ ਸੀ। ਹੁਣ ਪਾਪ ਆਤਮਾਵਾਂ ਹਨ। ਹੁਣ ਅੰਤਿਮ ਜਨਮ ਹੈ। ਪਰਮਾਤਮਾ ਵਿਚ ਜਿਹੜਾ ਗਿਆਨ ਹੈ ਉਹ ਹੁਣ ਸਾਨੂੰ ਆਤਮਾਵਾਂ ਨੂੰ ਪੜਾ ਰਹੇ ਹਨ। ਬਾਕੀ ਸਾਰੇ ਮਨੁੱਖ ਘੋਰ ਹਨੇਰੇ ਵਿਚ ਹਨ। ਸ਼ਾਸਤਰ ਆਦਿ ਸਾਰੇ ਭਗਤੀ ਮਾਰਗ ਦੇ ਹਨ ਉਨ੍ਹਾਂ ਨੂੰ ਗਿਆਨ ਨਹੀਂ ਕਿਹਾ ਜਾ ਸਕਦਾ। ਗਿਆਨ ਦਿਨ ਅਤੇ ਭਗਤੀ ਹੈ ਰਾਤ। ਤੁਸੀਂ ਪੁੱਛ ਸਕਦੇ ਹੋ ਗੀਤਾ ਦਾ ਰਚਿਯਤਾ ਕੌਣ ਹੈ ਅਤੇ ਕਦੋਂ ਆਇਆ? ਗੀਤਾ ਕਦੋਂ ਲਿਖੀ ਗਈ? ਬਾਬਾ ਵੀ ਲਿਖਦੇ ਰਹਿੰਦੇ ਹਨ ਫਿਰ ਉਸਤੇ ਗੋਰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਬੁੱਧੀ ਵਿਚ ਧਾਰਨ ਕਰਨ ਨਾਲ ਤੁਹਾਡੀ ਉੱਨਤੀ ਹੁੰਦੀ ਰਹੇਗੀ। ਬਾਪ ਕਹਿੰਦੇ ਹਨ - ਬੱਚੇ ਮੈਨੂੰ ਯਾਦ ਕਰੋ, ਮਾਲਾ ਦਾ ਵੀ ਰਾਜ਼ ਸਮਝਾਇਆ ਹੈ। ਪਰਮਪਿਤਾ ਪਰਮਾਤਮਾ ਫੁੱਲ ਹੈ ਫਿਰ ਦੋ ਦਾਨੇ ਬ੍ਰਹਮਾ ਤੇ ਸਰਸਵਤੀ। ਪ੍ਰਜਾਪਿਤਾ ਦਵਾਰਾ ਰਚਨਾ ਰਚੀ ਹੋਈ ਹੈ। ਇਹ ਹਨ ਆਦਿ ਦੇਵ ਅਤੇ ਆਦਿ ਦੇਵੀ। ਇਹ ਬ੍ਰਾਹਮਣ ਹਨ ਜਿਨ੍ਹਾਂ ਨੇ ਸਵਰਗ ਬਣਾਇਆ। ਇਸ ਲਈ ਇਨ੍ਹਾਂ ਦੀ ਪੂਜਾ ਹੁੰਦੀ ਹੈ। ਵਿਚ ਹਨ 8 ਦਾਨੇ ਜੋ ਸੂਰਜਵੰਸ਼ੀ ਬਣੇ ਹਨ, ਜਿਨ੍ਹਾਂ ਨੇ ਬਹੁਤ ਮਦਦ ਕੀਤੀ ਹੈ ਨੋਲਜ ਬੁੱਧੀ ਵਿਚ ਰਹਿਣੀ ਚਾਹੀਦੀ ਹੈ। ਇਹ ਵੀ ਜਾਣਦੇ ਹਨ ਕੀ ਯਗ ਵਿਚ ਬਰੋਬਰ ਆਹੁਤੀ ਦਿੱਤੀ ਜਾਂਦੀ ਹੈ। ਮਾਤਾਵਾਂ ਦੀ ਉੱਨਤੀ ਲਈ ਬਾਬਾ ਨੇ ਯੁਕਤੀ ਰਚੀ ਹੈ। ਬਲੀ ਚੜਿਆ ਨਾ, ਤਾਂ ਫਾਲੋ ਫਾਦਰ। ਗਾਂਧੀ ਨੂੰ ਜਿਨ੍ਹਾਂ ਨੇ ਮਦਦ ਕੀਤੀ ਉਨ੍ਹਾਂ ਨੂੰ ਅਲਪ ਕਾਲ ਦਾ ਸੁਖ ਮਿਲਿਆ। ਉਹ ਸੀ ਹੱਦ ਦਾ ਬਾਪ, ਇਹ ਹੈ ਬੇਹੱਦ ਦਾ ਬਾਪ।

ਇਥੇ ਬਾਬਾ ਨੇ ਸਭ ਕੁਝ ਮਾਤਾਵਾਂ ਦੇ ਚਰਨਾਂ ਵਿਚ ਦੇ ਦਿੱਤਾ ਤਾਂ ਇਹ ਵਨ ਨੰਬਰ ਵਿਚ ਹੋ ਗਿਆ। ਤੁਸੀਂ ਬੱਚਿਆਂ ਨੇ ਪੁਰਸ਼ਾਰਥ ਕਰਨਾ ਹੈ, ਜੋ ਮਦਦ ਕਰਨਗੇ ਉਹ ਸਵਰਗ ਦੇ ਮਾਲਿਕ ਬਣਨਗੇ। ਇਵੇਂ ਕੋਈ ਨਹੀਂ ਸਮਝੇ ਕੀ ਅਸੀਂ ਸ਼ਿਵਬਾਬਾ ਦੀ ਮਦਦ ਕਰਦੇ ਹਾਂ। ਨਹੀਂ, ਸ਼ਿਵਬਾਬਾ ਹੀ ਤੁਹਾਡੀ ਮਦਦ ਕਰਦੇ ਹਨ। ਅਰੇ ਉਹ ਤਾਂ ਦਾਤਾ ਹੈ ਨਾ, ਤੁਸੀਂ ਆਪਣੇ ਵਾਸਤੇ ਕਰਦੇ ਹੋ। ਤੁਸੀਂ ਉਨ੍ਹਾਂ ਨੂੰ ਯਾਦ ਰੱਖੋ ਤਾਂ ਵਿਕਰਮ ਵਿਨਾਸ਼ ਹੋ ਜਾਣਗੇ। ਸਵਰਗ ਨੂੰ ਯਾਦ ਕਰੋ ਤਾਂ ਸਵਰਗ ਵਿਚ ਚਲੇ ਜਾਵੋਗੇ। ਬਾਬਾ ਖੁਦ ਕਹਿੰਦੇ ਹਨ - ਮਨਮਨਾਭਵ। ਨਹੀਂ ਤਾਂ ਉੱਚ ਪਦ ਕਿਵੇਂ ਮਿਲੇਗਾ। ਹਿਸਾਬ ਕਰਨਾ ਤੁਹਾਡਾ ਕੰਮ ਹੈ। ਕੋਈ ਇਹ ਨਾ ਸਮਝੇ ਕੀ ਮੈਂ ਦਿੰਦਾ ਹਾਂ। ਇਹ ਸ਼ਿਵਬਾਬਾ ਦਾ ਯਗ ਚਲਦਾ ਹੈ, ਚਲਦਾ ਹੀ ਰਹੇਗਾ।

ਤੁਸੀਂ ਸੱਚੇ ਬ੍ਰਾਹਮਣਾ ਦੇ ਦਿਲ ਵਿਚ ਹੈ ਕੀ ਅਸੀਂ ਸਿਰਫ ਭਾਰਤ ਵਿਚ ਨਹੀਂ ਪ੍ਰੰਤੂ ਸੰਪੂਰਨ ਵਿਸ਼ਵ ਵਿਚ ਬਾਪ ਦੀ ਮਦਦ ਨਾਲ ਆਪਣਾ ਰਾਜ ਸਥਾਪਨ ਕਰ ਰਹੇ ਹਾਂ। ਅਸੀਂ ਫਿਰ ਤੋਂ ਪਵਿੱਤਰ ਬਣ ਭਾਰਤ ਨੂੰ ਸਵਰਗ ਬਣਾ ਕੇ ਰਾਜ ਕਰਾਂਗੇ। ਸ਼ਿਵਬਾਬਾ ਦੀ ਮਤ ਤੇ ਚੱਲਣ ਕਾਰਣ ਭਾਰਤ ਸਵਰਗ ਬਣ ਜਾਂਦਾ ਹੈ। ਤਾਂ ਯਾਦ ਰੱਖੋ ਕਿ ਸ਼ਿਵਬਾਬਾ ਪੜ੍ਹਾਉਂਦੇ ਹਨ। ਬਾਬਾ ਕਹਿੰਦੇ ਹਨ ਜਦੋ ਬ੍ਰਾਹਮਣ ਬਣੋਗੇ ਤਾਂ ਹੀ ਦੇਵਤਾ ਸੰਪਰਦਾਏ ਵਿਚ ਆਉਣਗੇ। ਵਿਕਾਰ ਵਿਚ ਡਿੱਗਣ ਨਾਲ ਇਕਦਮ ਸਤਿਆਨਾਸ਼ ਹੋ ਜਾਂਦਾ ਹੈ। ਆਪੇ ਹੀ ਆਪਣੇ ਉਪਰ ਕ੍ਰਿਪਾ ਦੇ ਬਦਲੇ ਅਕ੍ਰਿਪਾ ਕਰਦੇ ਹਨ, ਫਿਰ ਸ਼ਰਾਪਿਤ ਹੋ ਜਾਂਦੇ ਹਨ। ਮੈਂ ਵਰਦਾਨ ਦੇਣ ਲਈ ਆਇਆ ਹਾਂ। ਪਰ ਸ਼੍ਰੀਮਤ ਤੇ ਨਾ ਚੱਲਣ ਕਾਰਣ ਆਪਣੇ ਨੂੰ ਸ਼ਰਾਪਿਤ ਕਰ ਦਿੰਦੇ ਹਨ। ਪਦਵੀ ਭ੍ਰਿਸ਼ਟ ਕਰਦੇ ਹਨ, ਅੱਛਾ।

ਮਿੱਠੇ- ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1 ਬੁੱਧੀ ਤੋਂ ਸਭ ਕੁਝ ਭੁੱਲਣ ਲਈ ਜਿਉਂਦੇ ਜੀ ਮਰਨਾ ਹੈ। ਇਕ ਬਾਪ ਦੀ ਸੁਣਨੀ ਹੈ। ਆਪਣੀ ਉੱਨਤੀ ਦੇ ਲਈ ਬਾਪ ਤੇ ਪੂਰਾ ਬਲਿਹਾਰ ਜਾਣਾ ਹੈ।

2 ਸ਼੍ਰੀਮਤ ਤੇ ਚੱਲ ਕੇ ਆਪਣੇ ਤੇ ਕ੍ਰਿਪਾ ਕਰਨੀ ਹੈ। ਸੱਚੇ ਬ੍ਰਾਹਮਣ ਬਣ ਕੇ ਯਗ ਦੀ ਸੰਭਾਲ ਕਰਨੀ ਹੈ। ਪੜ੍ਹਾਈ ਚੰਗੀ ਤਰ੍ਹਾਂ ਪੜ੍ਹ ਕੇ ਉਂਚ ਪਦਵੀ ਪ੍ਰਾਪਤ ਕਰਨੀ ਹੈ।

ਵਰਦਾਨ:- ਸੇਵਾ ਨੂੰ ਬਾਪ ਦੇ ਅੱਗੇ ਬੁੱਧੀ ਤੋਂ ਅਰਪਣ ਕਰ ਖੁਦ ਨਿਸ਼ਚਿੰਤ ਰਹਿਣ ਵਾਲੇ ਸਫਲਤਾ ਸਵਰੂਪ ਭਵ।

ਕੋਈ ਕਿਵੇਂ ਸੀ ਵੀ ਮੁਸ਼ਕਿਲ ਸੇਵਾ ਹੋਵੇ ਲੇਕਿਨ ਉਸ ਸੇਵਾ ਨੂੰ ਬਾਪ ਦੇ ਅੱਗੇ ਬੁੱਧੀ ਤੋਂ ਅਰਪਣ ਕਰ ਦਵੋ। ਮੈਂ ਕੀਤਾ, ਸਫਲਤਾ ਨਹੀਂ ਹੋਈ, ਇਹ ਮੈਂ - ਪਨ ਨਹੀਂ ਲਿਆਵੋ। ਬਾਪ ਦੀ ਸੇਵਾ ਹੈ, ਬਾਪ ਜਰੂਰ ਕਰੇਗਾ, ਬਾਪ ਨੂੰ ਅੱਗੇ ਰੱਖੋ ਤਾਂ ਸਦਾ ਨਿਸ਼ਚਿੰਤ ਰਹੋਗੇ ਅਤੇ ਸਫਲਤਾ ਵੀ ਮਿਲੇਗੀ। ਕਦੇ ਕਮਜੋਰ ਸੰਕਲਪ ਦਾ ਬੀਜ ਨਹੀਂ ਪਾਵੋ, ਇਹ ਨਹੀਂ ਸੋਚੋ ਕੀ ਸੇਵਾ ਤਾਂ ਕਰ ਰਹੇ ਹਾਂ ਲੇਕਿਨ ਬਾਪ ਦੀ ਮਦਦ ਤਾਂ ਮਿਲਦੀ ਨਹੀਂ, ਸ਼ਾਇਦ ਮੈਂ ਯੋਗ ਨਹੀਂ ਹਾਂ, ਇਹ ਵੀ ਵਿਅਰਥ ਸੰਕਲਪ ਹਨ ਜੋ ਸਫਲਤਾ ਨੂੰ ਦੂਰ ਕਰ ਦਿੰਦੇ ਹਨ।

ਸਲੋਗਨ:- ਬ੍ਰਾਹਮਣ ਕੁਲ ਦੇ ਦੀਪਕ ਉਹ ਹੀ ਬਣ ਸਕਦੇ ਹਨ ਜਿਨ੍ਹਾਂ ਦੇ ਸਮ੍ਰਿਤੀ ਦੀ ਜੋਤ ਸਦਾ ਜਗੀ ਹੋਈ ਹੈ।

******